# ਬਾਂਝਪਨ ਦੇ ਇਲਾਜ ਵਿੱਚ ਕ੍ਰਾਂਤੀ

## ਪੰਜਾਬ ਦੇ ਪਹਿਲੇ ਐਬੰਰੀਉ ਮੰਨੀਟਰਿੰਗ ਸਿਸਟਮ ਦਾ ਉਦਘਾਟਨ ਪੰਜਾਬ ਦੇ ਕੈਬਨਿਟ ਮੰਤਰੀ ਮਾਨਯੋਗ ਸ਼੍ਰੀ ਭਾਰਤ ਭੂਸ਼ਨ ਆਸ਼ੂ ਦੁਆਰਾ ਡਾ. ਸੁਮਿਤਾ ਸੋਫਤ ਹਸਪਤਾਲ ਵਿੱਚ ਕੀਤਾ

ਬਾਂਝਪਨ ਦੇ ਪੂਰੇ ਇਲਾਜ਼ ਦੀ ਜ਼ਿੰਮੇਵਾਰੀ ਭਰੂਣ ਦੀ ਕਵਾਲਿਟੀ ਤੇ ਨਿਰਭਰ ਕਰਦੀ ਹੈ, ਪਰ ਭਰੂਣ ਦੇ ਮਾਮਲੇ ਵਿੱਚ ਡਾਕਟਰ ਨੂੰ ਹਨ੍ਹੇਰੇ ਵਿੱਚ ਹੀ ਤੀਰ ਮਾਰਨਾ ਪੈਂਦਾ ਹੈ। ਕਿਉਂਕਿ ਉਸਨੂੰ ਪਤਾ ਨਹੀਂ ਹੁੰਦਾ ਕਿ ਉਸ ਸਪਰਮ ਤੇ ਅੰਡੇ ਦੇ ਮਿਸ਼ਰਨ ਨਾਲ ਜਿੰਨੇ ਭਰੂਣ ਬਣੇ ਹਨ, ਉਹਨਾਂ ਵਿੱਚੋਂ ਕਿਸ ਦੀ ਕਵਾਲਿਟੀ ਸਭ ਤੋਂ ਵਧੀਆ ਹੈ ਅਤੇ ਉਹ ਭਰੂਣ ਬੱਚਾ ਬਣਾ ਵੀ ਪਾਏਗਾ ਜਾਂ ਨਹੀਂ। ਪਰ ਹੁਣ ਬਾਂਝਪਨ ਮਾਹਿਰਾਂ ਨੂੰ ਹਨ੍ਹੇਰੇ ਵਿੱਚ ਤੀਰ ਨਹੀਂ ਮਾਰਨਾ ਪਵੇਗਾ, ਕਿਉਂਕਿ ਹੁਣ **Time Laps Embryo Monitoring** ਮਸ਼ੀਨ ਪਹਿਲੇ ਦਿਨ ਤੋਂ ਪੰਜਵੇਂ ਦਿਨ ਤੱਕ ਹਰ ਭਰੂਣ ਦੀ ਪਲ-ਪਲ ਗ੍ਰੋਥ ਦੀ ਦੇਖਭਾਲ ਕਰੇਗੀ। ਉਹ ਉਸਦੀ ਵੀਡਿਉਗ੍ਰਾਫੀ ਅਤੇ ਫੋਟੋ ਵੀ ਬਣਾਵੇਗੀ। ਬਾਅਦ ਵਿੱਚ ਮਸ਼ੀਨ ਹੀ ਡਾਕਟਰ ਨੂੰ ਦੱਸ ਦੇਵੇਗੀ, ਕਿ ਇਹਨਾਂ ਵਿਚੋਂ ਕਿਹੜਾ ਭਰੂਣ ਬੱਚਾ ਬਣਾਉਣ ਲਈ ਸਭ ਤੋਂ ਵਧੀਆ ਹੈ ।

ਪੰਜਾਬ ਵਿੱਚ ਪਹਿਲੀ ਵਾਰ ਇਹ ਤਕਨੀਕ **ਡਾ. ਸੁਮਿਤਾ ਸੋਫਤ ਹਸਪਤਾਲ** ਵਿੱਚ ਲਾਂਚ ਕੀਤੀ ਗਈ ਹੈ। ਇਹ ਮਸ਼ੀਨ ਖਾਸ ਤੌਰ ਤੇ Denmark ਤੋਂ ਮੰਗਵਾਈ ਗਈ ਹੈ। ਇਸ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਹਸਪਤਾਲ ਦੀ ਬਾਂਝਪਨ ਮਾਹਿਰ **ਡਾ. ਸੁਮਿਤਾ ਸੋਫਤ** ਨੇ ਦੱਸਿਆ ਕਿ ਆਈ.ਵੀ.ਐੱਫ. ਤਕਨੀਕ ਵਿੱਚ ਪਤੀ ਦੇ ਸਪਰਮ ਅਤੇ ਪਤਨੀ ਦਾ ਅੰਡਾ ਲੈ ਕੇ ਮਿਲਾਨ ਕੀਤਾ ਜਾਂਦਾ ਹੈ। ਫਿਰ ਕੁਝ ਕੁ ਭਰੂਣਾਂ ਨੂੰ ਇੰਨਕੂਬੇਟਰ ਵਿੱਚ ਪੰਜ ਦਿਨ ਤੱਕ ਡਵੈਲਪ ਕੀਤਾ ਜਾਂਦਾ ਹੈ। ਪਰ ਇਸ ਵਿੱਚ ਇਹ

ਨਹੀਂ ਪਤਾ ਚੱਲ ਪਾਉਂਦਾ ਕਿ ਇਨ੍ਹਾਂ ਵਿੱਚੋਂ ਕਿਹੜਾ ਭਰੂਣ ਬੱਚਾ ਬਣਾਉਣ ਲਈ ਸਭ ਤੋਂ ਠੀਕ ਹੈ। ਕਈ ਵਾਰ ਭਰੂਣ ਦੀ ਸਹੀ ਕਵਾਲਿਟੀ ਨਾ ਹੋਣ ਕਰਕੇ ਇਲਾਜ ਦੀ ਪੂਰੀ ਮਿਹਨਤ ਬੇਕਾਰ ਚੱਲੀ ਜਾਂਦੀ ਹੈ, ਪਰ ਇਹ ਨਵੀਂ ਤਕਨੀਕ ਇਲਾਜ ਦੀ ਸਫ਼ਲਤਾ ਦੀ ਦਰ ਨੂੰ ਹੋਰ ਵਧਾਏਗੀ ।

**ਡਾ. ਸੁਮਿਤਾ ਸੋਫਤ** ਨੇ ਦੱਸਿਆ ਕਿ **ਆਈ.ਵੀ.ਐੱਫ. ਲੇਜ਼ਰ ਹੈਚਿੰਗ, ਇਕਸੀ, ਬਲਾਸਟੋਸਿਸਟ ਕਲਚਰ** ਸਮੇਤ ਸਾਰੀਆਂ ਤਕਨੀਕਾਂ ਨੂੰ ਮਿਲਾ ਕੇ ਸਫ਼ਲਤਾ ਦਰ ਕਾਫੀ ਵੱਧ ਗਈ ਹੈ। ਪਰ **Time Laps Embryo Monitoring** ਮਸ਼ੀਨ ਨਾਲ ਬਾਂਝਪਨ ਦੇ ਇਲਾਜ ਦੀ ਸਫ਼ਲਤਾ ਦਰ ਨੂੰ ਹੋਰ ਵਧਾਉਣ ਵਿੱਚ ਕ੍ਰਾਂਤੀ ਆਵੇਗੀ। ਮਸ਼ੀਨ ਇਹ ਦੇਖਭਾਲ ਵੀ ਕਰੇਗੀ ਕਿ ਕਿਹੜਾ ਭਰੂਣ ਹੌਲੀ ਅਤੇ ਕਿਹੜਾ ਭਰੂਣ ਤੇਜ਼ੀ ਨਾਲ ਵੱਧ ਰਿਹਾ ਹੈ। ਜੇਕਰ ਬਾਂਝਪਨ ਦੇ ਇਲਾਜ ਵਿੱਚ ਹੋਲੀ ਵੱਧਣ ਵਾਲੇ ਭਰੂਣ ਦਾ ਇਸਤੇਮਾਲ ਕੀਤਾ ਜਾਏ ਤਾਂ ਕਈ ਵਾਰ ਬੱਚਾ ਠਹਿਰਨ ਦੇ ਬਾਵਜੂਦ ਵੀ ਗਰਭਪਾਤ ਦਾ ਖਤਰਾ ਰਹਿੰਦਾ ਹੈ। ਇਸ ਨਵੀਂ ਤਕਨੀਕ ਦੀ ਬਦੋਲਤ ਸਿਰਫ ਉਸ ਭਰੂਣ ਦਾ ਇਸਤੇਮਾਲ ਕੀਤਾ ਜਾਵੇਗਾ, ਜਿਹੜਾ ਤੇਜ਼ੀ ਨਾਲ ਵੱਧ ਰਿਹਾ ਹੋਵੇਗਾ। ਡਾਕਟਰ ਸੁਮਿਤਾ ਸੋਫਤ ਨੇ ਦੱਸਿਆ ਕਿ ਇਸ ਤਕਨੀਕ ਨੂੰ ਭਾਰਤ ਵਿੱਚ ਆਏ ਅਜੇ ਕੁਝ ਸਾਲ ਹੀ ਹੋਏ ਹਨ, ਪਰ ਪੰਜਾਬ ਵਿੱਚ ਇਹ ਤਕਨੀਕ ਨੂੰ ਪਹਿਲੀ ਵਾਰ ਉਨ੍ਹਾਂ ਦਾ ਸੈਂਟਰ ਲੈ ਕੇ ਆਇਆ ਹੈ, ਜਿਹੜਾ ਬਾਂਝਪਨ ਦੀ ਸਮੱਸਿਆ ਤੋਂ ਪਰੇਸ਼ਾਨ ਪਤੀ ਪਤਨੀ ਨੂੰ ਘਰ ਵਿੱਚ ਖੁਸ਼ੀਆਂ ਲਿਆਉਣ ਲਈ ਕਾਫੀ ਮਦਦਗਾਰ ਸਾਬਤ ਹੋਵੇਗਾ ।

ਡਾ. ਸੋਫਤ ਨੇ ਇਹ ਵੀ ਦੱਸਿਆ ਕੇ ਲੈਜ਼ਰ ਹੈਚਿੰਗ ਕਾਸਾ ਮਸ਼ੀਨ ਜਿਸ ਵਿੱਚ ਇੱਕ ਸ਼ੁਕਰਾਣੂ ਨੂੰ 6000 ਗੁਣਾ ਵੱਡਾ ਕਰਕੇ ਦੇਖਿਆ ਜਾ ਸਕਦਾ ਹੈ। ਪੰਜਾਬ ਵਿੱਚ ਪਹਿਲੀ ਵਾਰ ਇਹ ਮਸ਼ੀਨ ਉਨ੍ਹਾਂ ਦੇ ਹਸਪਤਾਲ ਵਿੱਚ ਲਗਾਈ ਗਈ ਸੀ। ਉਨ੍ਹਾਂ ਨੇ ਬਾਂਝਪਨ ਦੇ ਮਰੀਜ਼ਾਂ ਲਈ ਸੰਦੇਸ਼ ਦਿੱਤਾ ਕਿ ਉਨ੍ਹਾਂ ਨੂੰ ਹਾਤਾਸ਼ ਨਹੀਂ ਹੋਣਾ ਚਾਹੀਦਾ ਸਗੋਂ ਸਹੀ ਸਮੇਂ ਤੇ ਸਹੀ ਇਲਾਜ਼ ਕਰਵਾ ਲੈਣਾ ਚਾਹੀਦਾ ਹੈ ।